ਨੋਬਲ ਪ੍ਰਾਈਜ਼ ਜੇਤੂ

ਨਰਿੰਦਰ ਸਿੰਘ ਸੋਚ

G-119

نوبل پرائز جیتو

BARDAR DYAL LAHORE LIBRARY

61

ਇਸ ਵਿਚ
ਨੋਬਲ ਪ੍ਰਾਈਜ਼ ਲੈਣ ਵਾਲਿਆਂ
ਸੰਸਾਰ ਪ੍ਰਸਿਧ ਸਾਹਿੱਤ-ਕਾਰਾਂ ਦੇ ਜੀਵਨ,
ਉਨ੍ਹਾਂ ਦੀਆਂ ਪੁਸਤਕਾਂ ਤੇ ਉਨ੍ਹਾਂ ਉਪਰ ਟਿਪਣੀਆਂ,
ਤੇ ਜਿਸ ਖੂਬੀ ਕਰ ਕੇ ਉਨ੍ਹਾਂ ਨੂੰ ਇਨਾਮ ਦਿਤਾ ਗਿਆ ਹੈ
ਬੜਾ ਖੋਲ੍ਹ ਕੇ ਲਿਖਿਆ ਗਿਆ ਹੈ।

ਜੀਵਨ ਮੰਦਰ ਅੰਮ੍ਰਿਤਸਰ

ਨੋਬਲ ਪ੍ਰਾਈਜ਼ ਤੇ ਅਲਫਰਡ ਨੋਬਲ

੨੧ ਅਕਤੂਬਰ ੧੮੩੩ — ੧੦ ਦਸੰਬਰ ੧੮੯੬

ਗੁਰੂ ਗੋਬਿੰਦ ਸਿੰਘ ਜੀ ਨੇ ਦੋ ਤਿੰਨ ਵਾਰ ਲਖ, ਲਖ, ਸਵਾ ਲਖ ਲਖ ਰੁਪੈ ਇਕ ਕਵਿਤਾ ਦਾ ਇਨਾਮ ਦਿਤਾ ਸੀ। ਹਨੂਮਾਨ ਨਾਟਕ ਦੇ ਤਰਜਮੇ ਵੇਲੇ ਭੀ ਇਕ ਲਖ ਰੁਪੈਆ ਦੇ ਕੇ ਕਿਹਾ ਸੀ, "ਇਹ ਤੇਰੀ ਮੇਹਨਤ ਦਾ ਮੁਲ ਨਹੀਂ, ਸਗੋਂ ਸਾਡੇ ਵਲੋਂ ਸਤਕਾਰ ਦਾ ਚਿੰਨ੍ਹ ਹੈ, ਅਸੀ ਇਸ ਨੂੰ ਕੁਝ ਦਿਨ ਕ੍ਰਿਪਾਨ ਵਾਂਗ ਦੂਜੇ ਪਾਸੇ ਗਾਤਰੇ ਪਾ ਕੇ ਹਰ ਵੇਲੇ ਕੋਲ ਰਖਿਆ ਕਰਾਂਗੇ।" ਇਹ ਕਹਿਣ ਦੀ ਲੋੜ ਨਹੀਂ ਕਿ ਗੁਰੂ ਗੋਬਿੰਦ ਸਿੰਘ ਨੇ ਥੋੜੇ ਜਹੇ ਸਮੇਂ ਵਿਚ ਸਾਹਿਤ ਦੀ ਕਿੰਨੀ ਸੇਵਾ ਕੀਤੀ ਸੀ ? ਛਪੜਾਂ ਵਿਚ ਕਲਮਾਂ ਘੜ ਕੇ ਸੁਟੀ ਜਾਣੀਆਂ ਤੇ ਕਹਿਣਾ, "ਮੇਰੀ ਇਛਾ ਹੈ ਕਿ ਸਾਰੇ ਕਾਨੇ ਤੇ ਕਾਹੀਆਂ ਮਨੁਖਾਂ ਲਈ ਕਲਮਾਂ ਬਣ ਜਾਣ ਅਤੇ ਏਡੀਆਂ ਛਪੜਾਂ ਜੇਡੀਆਂ ਸਿਆਹੀ ਦੀਆ ਦਵਾਤਾਂ ਭਰੀਆਂ ਹੋਣ ਲਿਖਣ ਲਈ।"

ਸਾਡੇ ਭ ਰਤ ਦੇ ਸਾਹਿੱਤ ਵਿਚ ਕੋਈ ਫਿਰਦੌਸੀ ਦਿਲ ਦੀ ਸਟ ਨਾਲ ਨਹੀਂ ਮਰਿਆ। ਪੁਰਾਣੇ ਲੋਕ ਮੁਲ ਪਾਉਂਦੇ ਸਨ। ਕਦਰ ਕਰਦੇ ਸਨ ਪਰ ਅਜ ਦੇ ਲੇਖਕ ਤਾਂ ਪ੍ਰਸਿਧ ਨੋਬਲ ਪ੍ਰਾਈਜ਼ ਜੇਤੂ ਲੇਖਕ ਪਿਟਲਰ ਦੇ ਕਹਿਣ ਵਾਂਗ "ਇਹ ਇਕ ਅਨੋਖਾ ਦ੍ਰਿਸ਼ ਹੈ, ਇਕ ਪਾਸੇ ਦੇ ਲਿਖਾਰੀਆਂ ਦੀ ਪਾਰਟੀ, ਦੂਜੀ ਪਾਰਟੀ ਦੇ ਲੇਖਕਾਂ ਨੂੰ ਹੰਕਾਰੀ ਪਸ਼ੂਆਂ ਵਾਂਗ ਢੁੱਡਾਂ ਮਾਰਨ ਵਾਲੇ ਸਿਧ ਕਰ ਕੇ ਸਮਾਜ ਤੋਂ ਵਖਰੇ ਕਰ ਦੇਣਾ ਚਾਹੁੰਦੀ ਹੈ ਅਤੇ ਦੂਜੀ ਪਾਰਟੀ ਪਹਿਲਿਆਂ ਨੂੰ ਵਿਸਵਾਸ਼-ਘਾਤੀ ਤੇ ਇਖਲਾਕੋਂ ਡਿਗੇ ਕਹਿ ਕੇ ਚੁਲੇ ਅਗੇ ਬੈਠੀਆਂ ਤੀਵੀਆਂ ਦੀ ਰਾਇ ਭੀ ਉਲਟ ਕਰ ਦੇਂਦੀ ਹੈ, ਉਇ

ਕੁਤਿਓ ! ਇਕ ਪਾਸੇ ਤੁਸੀ ਕਲਾਕਾਰਾਂ ਨੂੰ ਬਦਨਾਮ ਕਰਦੇ ਹੋ, ਫਿਰ ਸਾਨੂੰ ਆਮ ਲੋਕਾਂ ਨੂੰ ਇਜ਼ਤ ਕਰਨ ਲਈ ਕਹਿੰਦੇ ਹੋ। ਮੈਨੂੰ ਨਹੀਂ ਪਤਾ ਕਿ ਇਸ ਦਾ ਅਰੰਭ ਕਿਸ ਮੂਰਖ ਨੇ ਕੀਤਾ ਹੈ ਪਰ ਮੈਂ ਇਸ ਖੋਜ ਵਿਚ ਹਾਂ ਕਿ ਇਸ ਦਾ ਅੰਤ ਕੋਹੜਾ ਅਕਲਮੰਦ ਕਰੇਗਾ।"

ਨੋਬਲ ਪ੍ਰਾਈਜ਼ ਆਪਣੇ ਵੇਲੇ ਦਾ ਸਭ ਤੋਂ ਵੱਡਾ ਇਨਾਮ ਹੈ, ਕੌਮਾਂਤਰੀ ਖਿਆਲਾਂ ਦੀ ਏਕਤਾ ਲਈ ਜਿੰਨਾ ਕੰਮ ਇਸ ਇਨਾਮ ਨੇ ਕੀਤਾ ਹੈ, ਹੋਰ ਕਿਸੇ ਕੀ ਕਰਨਾ ਹੈ, ਜਿਸ ਦੇਸ਼ ਦੇ ਬੰਦੇ ਨੂੰ ਇਨਾਮ ਮਿਲਦਾ ਹੈ, ਕੁਝ ਸਾਲਾਂ ਵਿਚ ਉਸ ਦੀਆਂ ਸਾਰੀਆਂ ਚੰਗੀਆਂ ਚੰਗੀਆਂ ਪੁਸਤਕਾਂ ਅਨੁਵਾਦ ਹੋ ਜਾਂਦੀਆਂ ਹਨ, ਤੇ ਹਰ ਦੇਸ਼ ਦੇ ਪੜ੍ਹਾਕੂ ਦੇ ਮੇਜ਼ ਉਪਰ ਪਈਆਂ ਹੁੰਦੀਆਂ ਹਨ। ਲੇਖਕ ਦੇ ਆਚਰਨ ਦੀ ਖੋਜ ਕੀਤੀ ਜਾਂਦੀ ਹੈ, ਉਸ ਦੀ ਜ਼ਿੰਦਗੀ, ਉਸ ਦੇ ਉੱਦੇਸ਼, ਉਸ ਦੇ ਪਾਤਰ ਅਤੇ ਉਸ ਦਾ ਲਿਖਣ ਢੰਗ ਸਭ ਕੁਝ ਵਿਸਥਾਰ ਨਾਲ਼ ਲੋਕਾਂ ਕੋਲ ਪਹੁੰਚ ਜਾਂਦਾ ਹੈ, ਹਰ ਦੇਸ਼ ਦੇ ਪਾਠਕਾਂ ਉਪਰ ਉਸ ਦਾ ਅਸਰ ਹੁੰਦਾ ਹੈ ਅਤੇ ਸਾਰੇ ਬਣਤ-ਗੁਣ ਪ੍ਰਮਾਣੂਆਂ ਵਾਂਗ ਜੁੜ ਕੇ ਨੇੜੇ ਹੁੰਦੇ ਜਾਂਦੇ ਹਨ।

ਅਲਫਰਡ ਨੋਬਲ ਨੂੰ ਕਿਸੇ ਨੇ ਕਿਹਾ ਸੀ ਕਿ ਤੁਸੀ ਆਪਣਾ ਜੀਵਨ ਲਿਖੋ, ਉਸ ਨੇ ਕਲਮ ਫੜਕੇ ਮੋਟੇ ਮੋਟੇ ਨੋਟ ਲਿਖੇ ਅਲਫਰਡ ਨੋਬਲ:— "ਕੇਡਾ ਚੰਗਾ ਹੁੰਦਾ, ਜੇ ਕੋਈ ਮੇਹਰਬਾਨ ਡਾਕਟਰ, ਜਦ ਉਸ ਨੇ ਪਹਿਲਾ ਸਾਹ ਚੀਕ ਮਾਰ ਕੇ ਲਿਆ ਸੀ, ਉਸ ਦੀ ਜ਼ਿੰਦਗੀ ਸਦਾ ਲਈ ਖਤਮ ਕਰ ਦੇਂਦਾ।"

ਖਾਸ ਖੂਬੀਆਂ:—ਆਪਣੇ ਨੌਂ ਸਾਫ ਰਖਣੇ, ਕਦੇ ਕਿਸੇ ਲਈ ਬੋਝ ਨ ਬਣਨਾ।"

ਖਾਸ ਘਾਟੇ:—ਉਸ ਦਾ ਕੋਈ ਟੱਬਰ ਨਹੀਂ, ਬੜਾ ਬਦ-ਮਜ਼ਾਜ਼ ਹੈ ਅਤੇ ਮੋਹਦਾ ਬੜਾ ਕਮਜ਼ੋਰ ਹੈ।"

ਇਕੋ ਇਛਾ ਹੈ:—ਜੋ ਜੀਉਂਦਾ ਹੀ ਦੱਬਿਆ ਨ ਜਾਵੇ।" ਭਾਵੇਂ ਉਪ੍ਰੋਕਤ ਵਾਕ ਹਾਸ ਰਸ ਨਾਲ ਭਰੇ ਹੋਏ ਹਨ ਪਰ ਹੈ ਸਾਰੀ ਸਚਿਆਈ।

ਐਲਫ੍ਰਡ, ਜਿਸ ਨੇ ਘਟੋ ਘਟ ੯੦ ਕਾਢਾਂ ਕਢੀਆਂ ਸਨ, ਤੇ

ਜਿਸ ਨੇ ਜ਼ਹਿਰੀਲੀਆਂ ਗੈਸਾਂ ਤੇ ਧਮਕਿਆਂ (Explosives) ਦੀ ਕਾਢ ਕਢੀ, ਭਾਵੇਂ ਅਰੰਭ ਵਿਚ ਉਸ ਦਾ ਖਿਆਲ ਸੀ ਕਿ ਏਹਨਾਂ ਤੋਂ ਉਹ ਕਾਨਾਂ ਨੂੰ ਵਧਾਉਣ ਦਾ ਕੰਮ ਲਏਗਾ ਤੇ ਪਹਾੜੀ ਟਿਲਿਆਂ ਨੂੰ ਉਡਾਵੇਗਾ, ਜੋਹੜੇ ਦੇ ਸਾਗਰਾਂ ਵਿਚ ਵੱਟ ਰੂਪ ਬਣੇ ਹੋਣਗੇ। ਉਨ੍ਹਾਂ ਪਹਾੜਾਂ ਨੂੰ ਭੀ ਮਿਟੀ ਦੀ ਮੁਠ ਵਾਂਗ ਖਿਲਾਰ ਦੇਵਗਾ, ਜੋਹੜੇ ਰਾਹਾਂ, ਸੜਕਾਂ ਤੇ ਲਾਈਨਾਂ ਲਈ ਕੰਧਾਂ ਬਣੇ ਹੋਏ ਹੋਣਗੇ ਇਨ੍ਹਾਂ ਚੀਜ਼ਾਂ ਨੂੰ ਲੜਾਈ ਵਿਚ ਵਰਤਣ ਦਾ ਖਿਆਲ ਉਸ ਨੂੰ ਕਿਤੇ ਪਿਛੋਂ ਜਾਕੇ ਆਇਆ।

ਅਲਫਰਡ ਬਰਨਾਰਡ ਨੋਬਲ ਦਾ ਬਾਬਾ ਫੌਜ ਵਿਚ ਡਾਕਟਰ ਸੀ, ਅਲਫਰਡ ਦਾ ਪਿਤਾ ਏਮਾਨੂਏਲ ਸਵੀਡਨ ਦੀ ਰਾਜਧਾਨੀ ਦੀ ਯੂਨੀਵਰਸਟੀ ਵਿਚ ਸਾਇੰਸ ਦੇ ਪ੍ਰੋਫੈਸਰ ਸਨ। ਇਹ-ਪ੍ਰੋਗ ਸ਼ਾਲਾ ਵਿਚ ਹਰ ਵੇਲੇ ਤਜਰਬੇ ਕਰਦੇ ਰਹਿੰਦੇ ਸਨ। ਇਕ ਵਾਰ ਏਹਨਾਂ ਦੇ ਪਿਤਾ ਕਿਸੇ ਜ਼ਹਿਰੀਲੀ ਚੀਜ਼ ਦਾ ਤਜਰਬਾ ਕਰ ਰਹੇ ਸਨ ਕਿ ਧਮਾਕਾ ਹੋਇਆ, ਅਨੇਕਾਂ ਆਦਮੀ ਜ਼ਖਮੀ ਹੋ ਗਏ, ਅਤੇ ਲਾਗਲੇ ਮਕਾਨਾਂ ਦੇ ਸ਼ੀਸ਼ੇ ਟੁਟ ਗਏ।

ਫਿਰ ਇਹ ਰੂਸ ਚਲੇ ਗਏ, ਰੂਸ ਉਨ੍ਹਾਂ ਦਿਨਾਂ ਵਿਚ ਜੰਗ ਦੇ ਘੇਰੇ ਵਿਚ ਆਇਆ ਹੋਇਆ ਸੀ, ਰੂਸੀ ਸਰਕਾਰ ਵਲੋਂ ਬਹੁਤ ਸਾਰਾ ਰੁਪਿਆ ਮਿਲਦਾ ਸੀ, ਏਨ੍ਹਾਂ ਦੇ ਵਡੇ ਭਰਾ ਨੇ ਬਾਕੂ ਦੇ ਤੇਲ ਦੇ ਸੋਮੇ ਲਭੇ ਅਤੇ ਬੜੇ ਪ੍ਰਸਿਧ ਹੋ ਗਏ।

ਰੂਸ ਤੋਂ ਫਿਰ ਵਾਪਸ ਆ ਗਏ, ੧੮੬੪ ਨੂੰ ਇਕ ਫਿਰ ਭਿਆਨਕ ਘਟਨਾ ਹੋ ਗਈ ਅਤੇ ਨਿੱਕਾ ਲੜਕਾ ਉਸੇ ਵੇਲੇ ਬੋਟੀ ਬੋਟੀ ਹੋ ਕੇ ਉਡ ਗਿਆ। ਉਸ ਦਿਨ ਪਿਛੋਂ ਇਹ ਬੜੇ ਨਿਮੋਝੂਣੇ ਹੋ ਕੇ ਹੌਕੇ ਲੈਂਦੇ ਰਹੇ ਅਤੇ ਆਪਣੇ ਪੁਤਰ ਅਲਫਰਡ ਨੋਬਲ ਨੂੰ ਪੜ੍ਹਾਉਣ ਲਗ ਪਏ। ਅਲਫਰਡ ਦੀ ਮਾਂ ਨੂੰ ਭਰੋਸਾ ਸੀ ਕਿ ਮੇਰਾ ਪੁਤਰ ਬੜਾ ਵੱਡਾ ਬੰਦਾ ਬਣੇਗਾ। ਏਨ੍ਹਾਂ ਰਸਾਇਣ ਵਿਦਿਆ, ਭੌਤਿਕ ਵਿਦਿਆ ਤੇ ਇੰਜੀਨਰਿੰਗ ਦੀ ਪੜ੍ਹਾਈ ਕੀਤੀ, ਫਿਰ ਇਹ ਅਮ੍ਰੀਕਾ ਚਲੇ ਗਏ, ਕਿਉਂ ਕਿ ਉਥੇ ਨੋਬਲ ਦੇ ਪਿਤਾ ਦਾ ਦੇਸਤ ਏਰਕਸਨ ਜਹਾਜ਼ਾਂ ਦੇ ਬਣਾਉਣ ਵਿਚ ਕਾਫੀ ਨਾਮਣਾ ਖੱਟ ਰਿਹਾ ਸੀ। ਇਸ ਦੇ ਜਾਣ ਤੇ ਉਸ ਨੇ ਆਪਣੇ ਨਾਮ ਤੇ ਇਕ ਇੰਜਨ ਬਣਾਇਆ, ਜਦ ਕੁਝ ਘੰਟਿਆਂ ਪਿਛੋਂ ਇਸ ਦੀ ਪ੍ਰੀਖਿਆ ਲੈਣੀ ਸੀ ਤਾਂ ਹਨੇਰੀ ਆਈ ਅਤੇ

ਇੰਜਨ ਡੁਬ ਗਿਆ, ਲਗ ਭਗ ਛੇ ਲਖ ਦਾ ਨੁਕਸਾਨ ਹੋਇਆ। ਫਿਰ ਇਹ ਵਾਪਸ ਆ ਗਿਆ।

ਖੋਜ ਕਰਦਿਆਂ ਕਰਦਿਆਂ ਏਨ੍ਹਾਂ ਨੂੰ ਡਿਨਾਮਾਈਟ (Dynamite) ਮਿਲ ਗਿਆ। ਇਸ ਦਾ ਨਾਮ ਇਸ ਨੇ Nobel's Blasting Oil ਰਖਿਆ ਅਤੇ ਕਈ ਦੇਸ਼ਾਂ ਵਿਚ ਇਸ ਦੇ ਕਾਰਖਾਨੇ ਖੋਲ੍ਹ ਦਿਤੇ, ਫਿਰ ਕੀ ਸੀ, ਮਾਇਆ ਦਾ ਦਰਿਆ ਵਗ ਪਿਆ ਅਤੇ ਇਸ ਕੋਲ ਕਰੀਬਨ ੨੦੦੦,੦੦੦ ਪੌਂਡ ਹੋ ਗਿਆ।

ਇਟਲੀ ਵਿਚ ਰਹਿੰਦਿਆਂ ਇਕ ਵਾਰ ਇਸ ਨੇ ਆਪਣੇ ਸਕੱਤ੍ਰ ਲਈ ਲੋੜ ਕਢਾਈ, ਇਕ ਲੜਕੀ 'ਬਰਥਾ ਵੱਾਨ ਸਟਰ' ਨੌਕਰੀ ਲਈ ਆਈ। ਕੁਝ ਦਿਨ ਨੌਕਰੀ ਪਿਛੋਂ ਇਸ ਦਾ ਵਿਆਹ ਇਕ ਅਮੀਰ ਨਾਲ ਹੋ ਗਿਆ ਅਤੇ ਇਸ ਨੇ ਨੌਕਰੀ ਛਡ ਦਿਤੀ, ਪਰ ਏਨ੍ਹਾਂ ਦੀ ਚਿੱਠੀ ਚਪੱਠੀ ਦੀ ਸਾਂਝ ਅਖੀਰ ਤਕ ਰਹੀ। ਕਈ ਸਾਲ ਪਿਛੋਂ ਬਰਥਾ ਵਾਨ ਸਟਰ ਨੇ ਆਪਣੀ ਅਤੇ ਅਲਫਰਡ ਦੀ ਸਾਂਝੀ ਜ਼ਿੰਦਗੀ ਲਿਖੀ। ਇਸ ਨੇ ੧੮੯੦ ਨੂੰ ਇਕ ਪੁਸਤਕ ਲਿਖੀ ਸੀ, "ਹਥਿਆਰ ਸੁਟ ਦਿਓ"। ਇਸ ਦਾ ਨੋਬਲ ਉਪਰ ਬੜਾ ਡੂੰਘਾ ਅਸਰ ਪਿਆ ਤੇ ਏਸੇ ਦੀ ਪ੍ਰੇਰਨਾ ਕਰ ਕੇ ਉਹ ਜੰਗੀ ਹਥਿਆਰਾਂ ਵਲ ਦਿਨ ਰਾਤ ਦੌੜਨ ਵਾਲਾ ਮਲਮਾਂ ਬਣਾਉਣ ਲਗ ਪਿਆ ਅਤੇ ਸੰਸਾਰ ਵਿਚ ਸ਼ਾਂਤੀ ਫੈਲਾਉਣ ਵਾਲਿਆਂ ਦਾ ਲੀਡਰ ਬਣ ਗਿਆ।

ਉਹ ਲਿਖਦੀ ਹੈ, "ਕਦੇ ਕਦੇ ਨੋਬਲ ਘਾਬਰ ਜਾਂਦਾ ਸੀ, ਉਹ ਕਹਿੰਦਾ ਸੀ, ਬੜੀ ਛੇਤੀ ਸਮਾਂ ਆਉਣ ਵਾਲਾ ਹੈ, ਜਦ ਇਕ ਪਾਸੇ ਦੀ ਫੌਜ ਦੂਜੇ ਪਾਸੇ ਦੀ ਫੌਜ ਨੂੰ ਇਕ ਮਿੰਟ ਵਿਚ ਬਰਬਾਦ ਕਰ ਦੇਵੇਗੀ। ਇਹ ਦਿਨ ਰਾਤ ਪ੍ਰਯੋਗ ਸ਼ਾਲਾ ਵਿਚ ਲਗੇ ਰਹਿੰਦੇ, ਏਨ੍ਹਾਂ ਦਾ ਸਿਰ ਚਕਰਾਂਦਾ, ਡਾਕਟਰ ਆਉਂਦੇ ਅਤੇ ਅਰਾਮ ਕਰਨ ਲਈ ਕਹਿੰਦੇ, ਪਰ ਇਹ ਕਥ ਪ੍ਰਵਾਹ ਨਹੀਂ ਸਨ ਕਰਦੇ। ਹਾਂ, ਜਦ ਕਦੇ ਵੇਹਲ ਮਿਲਦਾ ਤਾਂ ਆਪਣੀ ਬ੍ਰਿਧ ਮਾਤਾ ਦੀ ਸੇਵਾ ਕਰਦੇ। ਆਪ ਸਾਰੀ ਉਮਰ ਕਵਾਰੇ ਹੀ ਰਹ, ਇਸ ਕਰ ਕੇ ਹੋਰ ਕੋਈ ਰੁਝੇਵਾ ਹੀ ਨਹੀਂ ਸੀ।"

ਇਕ ਵਾਰ ਅਲਫਰਡ ਨੂੰ ਅਮਨ ਕਾਨਫ੍ਰੰਸ ਤੇ ਬਰਥਾਵਾਨ ਸਟਰ ਨੇ ਚਿਠੀ ਰਾਹੀਂ ਬੁਲਾ ਭੇਜਿਆ। ਅਲਫਰਡ ਨੇ ਜੋਹੜਾ ਉਤਰ ਦਿਤਾ ਉਹ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.